International Journal of Information Movement Vol. VIII Issue VI (January 2023)
Website: www.ijim.in ISSN: 2456-0553 (online) Pages 35-42

# ਜਰਨੈਲ ਸਿੰਘ ਦੀਆਂ ਕਹਾਣੀਆਂ ਵਿੱਚ ਪੰਜਾਬੀ ਅਤੇ ਕੈਨੇਡੀਅਨ ਜੀਵਨ ਦਾ ਤੁਲਨਾਤਮਕ ਅਧਿਐਨ

**ਰਿਤੇਸ਼ ਸ਼ਰਮਾ ,**
ਰਿਸਰਚ ਸਕੋਲਰ ,
ਪੰਜਾਬੀ ਵਿਭਾਗ ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।
Email-id: attri90@gmail.com

**ਅਬਸਟ੍ਰੈਕਟ :-** ਪਰਵਾਸੀ ਜਰਨੈਲ ਸਿੰਘ ਅਜਿਹਾ ਪਰਵਾਸੀ ਕਹਾਣੀਕਾਰ ਹੈ। ਜਿਸ ਦੇ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਪੰਜਾਬ ਰਹਿੰਦਿਆਂ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਸਨ। ਪਰਵਾਸ ਧਾਰਨ ਕਰਨ ਪਿੱਛੋਂ ਪ੍ਰਾਪਤ ਪਹਿਲੇ ਹੀ ਕਹਾਣੀ ਸੰਗ੍ਰਹਿ 'ਦੋ ਟਾਪੂ' ਨਾਲ ਪਰਵਾਸੀ ਅਨੁਭਵ ਦੇ ਦਰਸ਼ਨ ਹੋਣ ਲੱਗਦੇ ਹਨ। ਇੱਥੇ ਪਰਵਾਸੀ ਮਾਂ ਬਾਪ ਦੋਹਰੀ ਮਾਰ ਦਾ ਸਿਕਾਰ ਹੋ ਕੇ ਵਿਕ੍ਰਿਤ ਮਾਨਸਿਕ ਹਾਲਾਤਾਂ ਵਿਚੋਂ ਗੁਜ਼ਰਦੇ ਹਨ ਕਿਉਂਕਿ ਜਿਹੜੇ ਬੱਚਿਆਂ ਦੇ ਚੰਗੇ ਭਵਿੱਖ ਲਈ ਉਹ ਘਰ ਬਾਰ ਤੇ ਦੇਸ਼ ਛੱਡ ਕੇ ਹੋਏ, ਜਿਹੜੇ ਬੱਚਿਆਂ ਦੇ ਭਵਿੱਖ ਲਈ ਉਹ ਦਿਨ ਰਾਤ ਡਾਲਰ ਜੋੜਨ 'ਤੇ ਲੱਗੇ ਰਹੇ, ਉਹ ਬੱਚੇ ਉਹਨਾਂ ਦੇ ਵਿਰੋਧ ਵਿੱਚ ਜਾ ਖੜ੍ਹੇ ਅਤੇ ਉੱਥੇ ਬਜ਼ੁਰਗਾਂ ਦੀ ਸਥਿਤੀ ਉਸਤੋਂ ਵੀ ਮਾੜੀ ਹੈ, ਉਹ ਪੰਜਾਬ ਵਰਗਾ ਇੱਜਤ ਮਾਣ ਬਾਹਰ ਵੀ ਲੱਭਦੇ ਹਨ ਪਰ ਉੱਥੇ ਜਦੋਂ ਪੋਤ੍ਰੇਪੋਤੀਆਂ 'ਓਲਡਮੈਨ ਦਾ ਇੰਟਰਫੇਅਰ' ਸਵੀਕਾਰ ਕਰਨੋ ਆਕੀ ਹੋ ਜਾਂਦੇ ਹਨ ਤਾਂ ਉਸ ਵੇਲੇ ਨੂੰਹ ਪੁੱਤ ਵੀ ਕੋਈ ਸਹਾਰਾ ਨਹੀਂ ਬਣਦੇ ਸਗੋਂ 'ਇਹ ਇੰਡੀਆ ਨਹੀਂ' ਦਾ ਚੇਤਾ ਕਰਾਉਂਦੇ ਹਨ, ਜਿੱਥੇ ਪਰਿਵਾਰ ਦੇ ਮੁਖੀ ਹੋਣ ਦਾ ਕੋਈ ਰੋਹਬ ਨਹੀਂ ਮੰਨਦੇ।

**ਮੁੱਖ ਸ਼ਬਦ:-** ਮੁੱਖ ਸ਼ਬਦਯ ਸਭਿਆਚਾਰ , ਕੈਨੇਡੀਅਨ , ਸ਼ਰੀਕੇਬਾਜੀ , ਅਹਿਸਾਸ , ਵਾਤਾਵਰਣ, ਪ੍ਰਦੂਸ਼ਣ।

ਜਰਨੈਲ ਸਿੰਘ ਪਰਵਾਸੀ ਪੰਜਾਬੀ ਕਥਾ ਜਗਤ ਵਿੱਚ ਇੱਕ ਵਿਲੱਖਣ ਹਸਤਾਖਰ ਹੈ। 1988 ਵਿੱਚ ਕੈਨੇਡਾ ਜਾ ਕੇ ਕੁਝ ਸਮਾਂ ਕੰਮ-ਧੰਦੇ ਕਰਨ ਪਿੱਛੋਂ ਫੇਰ ਏਅਰ ਪੋਰਟ ਵਿਖੇ ਸਕਿਉਰਟੀ ਦੀ ਪੱਕੀ ਨੌਕਰੀ ਹਾਸਲ ਹੋ ਸਕੀ। ਜਰਨੈਲ ਸਿੰਘ ਦੁਆਰਾ ਰਚਿਤ ਤਿੰਨ ਕਹਾਣੀ ਸੰਗ੍ਰਹਿ ਮੈਨੂੰ ਕੀ (1981), ਮਨੁੱਖ ਤੇ ਮਨੁੱਖ (1983), ਸਮੇਂ ਦੇ ਹਾਣੀ (1987) ਉਸਦੇ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਦੇ ਹਨ, ਜਿਸ ਵਿੱਚ ਉਸਨੇ ਭਾਰਤੀ ਪੰਜਾਬੀ ਸਭਿਆਚਾਰ ਦੇ ਜੀਵਨ ਦੀ ਝਲਕ ਨੂੰ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਕੈਨੇਡਾ ਵਿੱਚ ਉਸਦੇ ਪਰਵਾਸ ਧਾਰਨ ਤੋਂ ਬਾਅਦ ਪਰਵਾਸੀ ਜੀਵਨ ਨੂੰ ਦੇਖਦਿਆਂ ਉਥੋਂ ਦੇ ਜੀਵਨ ਦੇ ਰੂ-ਬ-ਰੂ ਹੁੰਦਿਆਂ ਉਸਨੇ ਉਹਨਾਂ ਨੂੰ ਕਹਾਣੀ ਦੇ ਰੂਪ ਵਿੱਚ ਪੇਸ਼ ਕੀਤਾ। ਪਰਵਾਸੀ ਜੀਵਨ

ਨਾਲ ਸੰਬੰਧਿਤ ਕਹਾਣੀਆਂ ਦੇ ਤਿੰਨ ਸੰਗ੍ਰਹਿ ਦੋ ਟਾਪੂ (1999), ਟਾਵਰਜ਼ (2005) ਅਤੇ ਕਾਲ਼ੇ ਵਰਕੇ (2015) ਵਿੱਚ ਪ੍ਰਕਾਸ਼ਿਤ ਹੋਏ।

ਜਰਨੈਲ ਸਿੰਘ ਦੁਆਰਾ ਰਚਿਤ ਪੰਜਾਬੀ ਅਤੇ ਕੈਨੇਡੀਅਨ ਜੀਵਨ ਨਾਲ ਸੰਬੰਧਿਤ ਕਹਾਣੀਆਂ ਵੱਖਰੇ ਸਭਿਆਚਾਰਕ ਪਰਿਵੇਸ਼ ਨੂੰ ਆਧਾਰ ਬਣਾਉਦੀਆਂ ਹਨ। ਪੰਜਾਬ ਵਿੱਚ ਰਹਿੰਦਿਆਂ ਲਿਖੇ ਕਹਾਣੀ-ਸੰਗ੍ਰਹਿਆਂ ਵਿੱਚ ਦਰਜ ਕਹਾਣੀਆਂ ਵਿਚਲਾ ਸਭਿਆਚਾਰ ਪੰਜਾਬੀ ਜੀਵਨ ਨਾਲ ਸੰਬੰਧਿਤ ਹੈ ਜਦੋਂ ਕਿ ਕੈਨੇਡਾ ਜਾਣ ਤੋਂ ਬਾਅਦ ਰਚੇ ਕਹਾਣੀ-ਸੰਗ੍ਰਹਿਆਂ ਵਿੱਚ ਦਰਜ ਕਹਾਣੀਆਂ ਵਿਚਲਾ ਸਭਿਆਚਾਰ ਪਰਿਵੇਸ਼ ਪੱਛਮੀ ਸਮਾਜ ਨਾਲ ਸੰਬੰਧਤ ਹੈ। ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਕਹਾਣੀਆਂ ਵਿੱਚ ਪੇਂਡੂ ਘਰਾਂ ਅਤੇ ਖਾਸ ਕਰਕੇ ਖੇਤਾਂ ਵਿੱਚ ਕੰਮ ਕਰਦੇ ਕਿਸਾਨਾਂ ਦੀਆਂ ਆਰਥਿਕ ਮਜ਼ਬੂਰੀਆਂ ਦਾ ਵਰਣਨ ਵਧੇਰੇ ਮਿਲਦਾ ਹੈ। ਜਰਨੈਲ ਸਿੰਘ ਕੋਲ ਅਜਿਹਾ ਮੌਲਿਕ ਅੰਦਾਜ ਹੈ ਜਿਸ ਨਾਲ ਉਹ ਪਰਵਾਸ ਦੇ ਜਟਿਲ ਯਥਾਰਥਕ ਅਤੇ ਮਾਨਵੀਂ ਰਿਸ਼ਤਿਆਂ ਦੀ ਬਦਲ ਰਹੀ ਨੁਹਾਰ ਨੂੰ ਪੇਸ਼ ਕਰਦਾ ਹੈ। ਇਸ ਗੱਲ ਨੂੰ ਸਪੱਸ਼ਟ ਕਰਦਿਆਂ ਡਾ. ਜਗਬੀਰ ਸਿੰਘ ਲਿਖਦਾ ਹੈ ਕਿ "ਜਰਨੈਲ ਸਿੰਘ ਦੇ ਕਥਾ ਜਗਤ ਵਿੱਚ ਪ੍ਰਵਾਸੀ ਪੰਜਾਬੀ ਭਾਈਚਾਰੇ ਨੂੰ ਕੈਨੇਡਾ ਦੀ ਵਿਸਮਿਤ ਪੂੰਜੀਵਾਦੀ ਆਰਥਿਕ ਵਿਵਸਥਾ ਮਹਾਂਨਗਰੀ ਸਭਿਅਤਾ ਅਤੇ ਬਹੁ- ਕੌਮੀ, ਬਹੁ-ਸਭਿਆਚਾਰਕ ਸਮਾਜ ਵਿੱਚ ਵਿਚਰਦਿਆਂ ਅਤੇ ਸੰਘਰਸ਼ ਕਰਦਿਆਂ ਦਰਸਾਇਆ ਗਿਆ ਹੈ। ਪਰ ਉਹ ਆਪਣੀ ਮਾਤ ਭੂਮੀ ਦੇ ਅਰਥ-ਜਗੀਰਦਾਰੀ ਵਿਰਸੇ ਦੀ ਜਿਸ ਪਰੰਪਰਿਕ ਸੋਚ ਅਤੇ ਜੀਵਨ ਵਿਧੀ ਨੂੰ ਲੈ ਕੇ ਇੱਥੇ ਪ੍ਰਵੇਸ਼ ਕਰਦੇ ਹਨ ਉਹ ਇਥੋਂ ਦੀ ਉੱਤਰ ਆਧੁਨਿਕ ਸਥਿਤੀ ਅਤੇ ਸੋਚ ਨਾਲ ਮੇਲ ਨਹੀਂ ਖਾਂਦੀ। ਇਹੀ ਕਾਰਨ ਹੈ ਕਿ ਇਨਾਂ ਪਰਵਾਸੀਆਂ ਦੀ ਜਿੰਦਗੀ ਕਦਮ-ਕਦਮ ਉੱਤੇ ਪਰਿਵਾਰਿਕ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਕਦਰਾਂ-ਕੀਮਤਾਂ ਦੇ ਸੰਕਟ ਦਾ ਸ਼ਿਕਾਰ ਹੁੰਦੀ ਹੈ। ਇਸ ਤੋਂ ਇਲਾਵਾ ਇਹਨਾਂ ਨੂੰ ਇੱਕ ਪਾਸੇ ਤਾਂ ਆਪਣੀ ਸਭਿਆਚਾਰਕ ਪਛਾਣ ਦੇ ਗੁਆਚਣ ਦਾ ਤੌਖਲਾ ਹੈ ਤੇ ਦੂਜੇ ਪਾਸੇ ਨਵੇ ਮਾਹੌਲ ਨਾਲ ਇੱਕ ਸੁਰ ਅਤੇ ਅਨੁਕੂਲ ਹੋਣ ਦੀ ਲਾਲਸਾ ਵੀ ਹੈ"।1

ਪੰਜਾਬੀ ਸਭਿਆਚਾਰ ਵਿੱਚ ਪਰਿਵਾਰ ਦਾ ਵਿਸ਼ੇਸ ਮਹੱਤਵ ਹੈ। ਇਹ ਪਰਿਵਾਰ ਸੰਯੁਕਤ ਪਰਿਵਾਰ ਹੋਣ ਕਾਰਣ ਬੱਚੇ ਮਾਂ-ਬਾਪ ਨਾਲ ਇਕੋ ਘਰ ਵਿੱਚ ਰਹਿੰਦੇ ਹਨ। ਕਈ ਵਾਰ ਚਾਚੇ-ਤਾਏ ਦੇ ਪਰਿਵਾਰ ਵੀ ਇਕੱਠੇ ਇਕੋ ਘਰ ਵਿੱਚ ਰਹਿੰਦੇ ਹਨ। ਜਿੱਥੇ ਇਹਨਾਂ ਪਰਿਵਾਰਾਂ ਦੀਆਂ ਆਰਥਿਕ ਸਮੱਸਿਆਵਾਂ ਹਨ ਉੱਥੇ ਆਪਸ ਵਿੱਚ ਸਰੀਕੇ ਕਰਕੇ ਲੜਾਈਆਂ-ਝਗੜੇ ਵੀ ਆਮ ਹੁੰਦੇ ਹਨ। ਜਰਨੈਲ ਸਿੰਘ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਇਸ ਸ਼ਰੀਕੇਬਾਜੀ ਦਾ ਵਰਣਨ ਮਿਲਦਾ ਹੈ: "ਭਰਾ- ਭਰਜਾਈ ਦੀਆਂ ਲੋਕਾਂ ਕੋਲ ਕੀਤੀਆਂ ਚੁਗਲੀਆਂ ਨਿੱਕੇ ਮੋਟੇ ਮੋੜ ਕੱਟ ਕੇ ਅਮਰੀਕ ਕੋਲ ਪਹੁੰਚ ਜਾਂਦੀਆਂ ਸਨ। ਈਰਖਾ ਵਿੱਚ ਭੁੱਜੀ ਹੋਈ ਤਾਰੋ ਨੇ ਤਾਂ ਇੱਕ-ਦੋ ਵਾਰ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਵਲ-ਵਿੰਗ ਪਾ ਕੇ ਝਗੜਾ ਖੜਾ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਮਾਂ ਨੇ ਸਮਝਾ-ਬੁਝਾ ਕੇ ਅਮਰੀਕ ਨੂੰ ਸੁੱਚੇ ਨਾਲ ਫਸਣ ਨਹੀਂ ਸੀ ਦਿੱਤਾ"।2

ਕਿਸੇ ਖਾਸ ਖਿੱਤੇ ਵਿਚ ਰਹਿੰਦੇ ਲੋਕਾਂ ਦੀ ਸੋਚ, ਕਲਾ ਤੇ ਜੀਵਨ ਜਿਉਣ ਦੇ ਢੰਗ ਨੂੰ ਹੀ ਸਭਿਆਚਾਰ ਕਿਹਾ ਜਾਂਦਾ ਹੈ। ਸਭਿਆਚਾਰ ਦਾ ਪਰਿਪੇਖ ਬਹੁਤ ਹੀ ਵਿਸਤ੍ਰਿਤ ਹੈ ਜਿਸ ਵਿਚ ਮਨੁੱਖ ਦਾ ਖਾਣ- ਪੀਣਾ, ਉੱਠਣਾ- ਬੈਠਣਾ, ਸੋਚਣਾ, ਬੋਲਣਾ, ਰਹਿਣ- ਸਹਿਣ, ਵਰਤੋਂ- ਵਿਹਾਰ, ਜਾਤ- ਪ੍ਰਥਾ, ਰੀਤੀ- ਰਿਵਾਜ, ਸ਼ਗਨ- ਅਪਸ਼ਗਨ, ਧਰਮ, ਲੋਕ ਧਾਰਾ,

ਕਲਾ, ਸਾਹਿਤ ਖਾਸ ਕਰਕੇ ਰਿਸ਼ਤਾ ਨਾਤਾ ਪ੍ਰਣਾਲੀ ਸਭਿਆਚਾਰ ਦੇ ਕਲੇਵਰ ਵਿਚ ਆਉਂਦੇ ਹਨ। ਸਭਿਆਚਾਰ ਮਨੁੱਖ ਦੇ ਬਾਹਰੀ ਵਰਤਾਰੇ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਸਗੋਂ ਉਸਦਾ ਅਵਚੇਤਨ ਵੀ ਇਸਦੇ ਗਹਿਰੇ ਪ੍ਰਭਾਵ ਹੇਠ ਆਉਂਦਾ ਹੈ। ਇਹੋ ਹੀ ਮੂਲ ਕਾਰਨ ਹੈ ਜਿਸ ਕਰਕੇ ਮਨੁੱਖ ਸਭਿਆਚਾਰਕ ਤਣਾਉ ਨੂੰ ਹੰਢਾਉਂਦਾ ਹੈ। ਹਰ ਇਕ ਕੌਮ ਦੇਸ਼ ਧਰਮ ਤੇ ਜਾਤੀ ਦੀ ਵੱਖਰੀ ਜੀਵਨ ਸ਼ੈਲੀ ਹੁੰਦੀ ਹੈ, ਇਹੋ ਵੱਖਰਾਪਨ ਵਿਲੱਖਣ ਸਭਿਆਚਾਰ ਦਾ ਆਧਾਰ ਬਣਦਾ ਹੈ।

ਮਨਜਿੰਦਰ ਵੀ ਜਗੀਰੂ ਸੋਚ ਵਾਲਾ ਆਦਮੀ ਹੈ। ਪਹਿਲਾਂ ਤਾਂ ਉਹ ਆਪਣੇ ਨਾਲ ਬਿਜ਼ਨਸ ਐਡਮਨੀਸਟਰੇਸ਼ਨ ਪੜ੍ਹਦੀ ਸੰਦੀਪ ਨਾਲ ਪਿਆਰ ਵਿਆਹ ਕਰਵਾ ਲੈਂਦਾ ਹੈ, ਘਰ ਦੇ ਥੋੜਾ ਵਿਰੋਧ ਵੀ ਕਰਦੇ ਹਨ ਪਰ ਉਹਨਾਂ ਦਾ ਪਿਆਰ ਤੇ ਸੂਝ- ਬੂਝ ਦੇਖਦੇ ਚੁੱਪ ਕਰ ਜਾਂਦੇ ਹਨ। ਸੰਦੀਪ (ਸੈਂਡੀ) ਜਿੰਦਰ ਨਾਲ ਮੋਢੇ ਨਾਲ ਮੋਢਾ ਲਾ ਕੇ ਚਲਦੇ ਹੈ। ਉਹ ਦੋਵੇਂ ਫਾਈਨੈਂਸ ਦਾ ਕੰਮ ਕਰਦੇ ਹਨ। ਦਫ਼ਤਰ ਦਾ ਸਾਰਾ ਕੰਮ ਵੀ ਕਰਦੇ ਹਨ ਅਤੇ ਦੋਵੇਂ ਇਕੱਠੇ ਬਿਜ਼ਨਸ ਪਾਰਟੀਆਂ ਵੀ ਕਰਤੇ ਹਨ, ਬੈਂਕਾਂ ਵਾਲੀਆਂ ਨਾਲ, ਮੀਡੀਏ ਵਾਲਿਆਂ ਨਾਲ ਤੇ ਬਿਜ਼ਨਸ ਦੋਸਤਾਂ ਨਾਲ ਗੱਲਬਾਤ ਕਰਦਿਆਂ ਸੈਂਡੀ, ਜਿੰਦਰ ਦਾ ਪੂਰਾ ਸਹਿਯੋਗ ਦਿੰਦੀ ਹੈ। ਜਿਸ ਨਾਲ ਪੰਜਾਬੀ ਭਾਈਚਾਰੇ 'ਚ ਜਿੰਦਰ ਦਾ ਕੰਮ ਚਲ ਜਾਂਦਾ ਹੈ। ਜਦੋਂ ਚੰਗੀ ਤਰ੍ਹਾਂ ਉਸਦੇ ਪਰ ਲੱਗ ਜਾਂਦੇ ਹਨ ਤਾਂ ਉਹ ਸੈਂਡੀ ਤੋਂ ਤਲਾਕ ਹੀ ਨਹੀਂ ਲੈਂਦਾ ਬਿਜ਼ਨਸ 'ਚ ਵੀ ਉਸ ਨਾਲ ਹੇਰਾ- ਫੇਰੀ ਕਰਦਾ ਹੈ। ਜਿਸ ਕਰਕੇ ਉਹ ਅਲਹਿਦਗੀ ਦਾ ਜੀਵਨ ਬਿਤਾਉਂਦੀ ਹੈ। ਅਜਿਹੇ ਵਿਚਾਰ ਕਹਾਣੀ ਵਿੱਚ ਇਕੱਲੇ ਮਨਜਿੰਦਰ ਤੇ ਹੀ ਨਹੀਂ ਉਸਦੇ ਭਾਈ ਸੁਹਿੰਦਰ ਤੇ ਗੁਰੂਦੁਆਰੇ ਦੇ ਪ੍ਰਧਾਨ ਸੁੱਚਾ ਸਿੰਘ ਦੇ ਵੀ ਹਨ। ਸੈਂਡੀ ਤੇ ਜਿੰਦਰ ਦੀ ਲੜਾਈ ਬਾਰੇ ਜਦੋਂ ਮਨਜਿੰਦਰ ਦੇ ਘਰ ਮੀਟਿੰਗ ਹੁੰਦੀ ਹੈ ਤਾਂ ਸੁੱਚਾ ਸਿੰਘ ਤੇ ਸੁਹਿੰਦਰ, ਸ਼ਮਸੇਰ ਸਿੰਘ ਨੂੰ ਮੁਖਤਿਬ ਹੁੰਦੇ ਹੋਏ ਬੋਲਦੇ ਹਨ। ਜਿਵੇਂ:

"ਬਾਪੂ ਜੀ ਤੁਸੀਂ ਕਾਹਲੇ ਨਾ ਪਵੋ ਹੋ ਲੈਣ ਦਿਓ ਉਹਨੂੰ ਅਜੇ ਹੋਰ ਹਲਕੀ। ਉਸਨੂੰ ਮਨਜਿੰਦਰ ਹੁਰਾਂ ਤਾਂ ਨਹੀਂ ਕਿਹਾ ਪਈ ਘਰ ਛੱਡ ਕੇ ਜਾਹ। ਜਿਵੇਂ ਗਈ ਐ, ਉਵੇਂ ਹੀ ਆ ਜਾਵੇ। ਇਹ ਤੀਵੀਂ ਜਾਤ ਨੂੰ ਜਿੰਨਾ ਥਲੇ ਲਾ ਕੇ ਰੱਖੋ ਓਨੀਂ ਹੀ ਸੂਤ ਰਹਿੰਦੀ ਹੈ"।3

ਆਪਸੀ ਕੁੜੱਤਣ ਕਾਰਨ ਭਰਾਵਾਂ ਵਿੱਚ ਸਰੀਕਾਂ ਵਧਣ, ਆਪਸ ਵਿੱਚ ਟੁੱਟ-ਫੁੱਟ ਹੋਣ, ਜ਼ਮੀਨ ਨੂੰ ਲੈ ਕੇ ਝਗੜਾ ਹੋਣ, ਚੰਗੀ ਅਤੇ ਮਾੜੀ ਜ਼ਮੀਨ ਨੂੰ ਆਪਣੇ ਹਿੰਸੇ ਵਿੱਚ ਕਰਾਉਣ ਲਈ ਗਰਦੌਰੀ ਸਮੇਂ ਝਗੜਾ ਕਰਨ, ਆਪਸੀ ਸ਼ਰੀਕੇ ਕਾਰਨ ਮਾਂ-ਬਾਪ ਨਾਲ ਲੜਾਈ ਕਰਨ ਆਦਿ ਦੇ ਹਵਾਲੇ ਜਰਨੈਲ ਸਿੰਘ ਦੀਆਂ ਪੰਜਾਬ ਅਤੇ ਪੰਜਾਬੀ ਜੀਵਨ ਨਾਲ ਸੰਬੰਧਤ ਕਹਾਣੀਆਂ ਵਿੱਚੋ ਆਮ ਮਿਲਦੇ ਹਨ।

ਦੂਸਰੇ ਪਾਸੇ ਕੈਨੇਡੀਅਨ ਸਮਾਜ ਵਿੱਚ ਰਹਿ ਰਹੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਇਸ ਤੋਂ ਵੱਖਰੀ ਭਾਂਤ ਦੀਆਂ ਹਨ। ਉੱਥੇ ਮਸਲਾ ਜ਼ਮੀਨ ਦੀ ਵੰਡ-ਵਡਾਈ ਦਾ ਨਹੀਂ, ਉੱਥੇ ਮਸਲਾ ਭਰਾਵਾਂ ਦੀ ਸ਼ਰੀਕੇਬਾਜੀ ਦਾ ਨਹੀਂ ਸਗੋਂ ਉੱਥੇ ਮਸਲਾ ਹੋਂਦ ਦਾ ਹੈ, ਪਛਾਣ ਦਾ ਹੈ, ਕਮਾਈ ਦਾ ਹੈ, ਪੂੰਜੀ ਦਾ ਹੈ। ਇਹ ਮਸਲੇ ਪੰਜਾਬੀ ਜੀਵਨ ਨਾਲੋਂ ਵੱਖਰੀ ਭਾਂਤ ਦੇ ਇਸ ਲਈ ਹਨ ਕਿ ਇਹ ਮਾਪੇ ਤੇ ਔਲਾਦ ਦੇ ਆਪਸੀ ਪੱਧਰ ਤੇ, ਔਲਾਦ ਤੇ ਬਜ਼ੁਰਗਾਂ ਦੇ ਆਪਣੀ ਪੱਧਰ ਅਤੇ ਪਤੀ-ਪਤਨੀ ਦੇ ਆਪਣੀ ਪੱਧਰ ਤੇ ਹੋਂਦ ਅਤੇ ਪਛਾਣ ਦੇ ਅਹਿਸਾਸ ਵਿੱਚੋਂ ਉਪਜੇ ਹਨ। ਪੰਜਾਬੀ ਜੀਵਨ ਵਿੱਚ ਇਕੱਠੇ ਰਹਿਣ

ਦੇ ਸੰਕਲਪ ਕਾਰਨ ਨਿੱਜੀ ਹੋਂਦ ਦਾ ਮਸਲਾ ਉਨ੍ਹਾਂ ਮਹੱਤਵ ਗ੍ਰਹਿਣ ਨਹੀਂ ਕਰਦਾ ਜਿੰਨ੍ਹਾਂ ਪਰਵਾਸੀ ਜੀਵਨ ਦੌਰਾਨ ਕਰਦਾ ਹੈ। ਅਜਿਹੀ ਹੋਂਦ ਅਤੇ ਪਛਾਣ ਦੀ ਸਮੱਸਿਆ ਜਰਨੈਲ ਸਿੰਘ ਦੀਆਂ ਕਹਾਣੀਆਂ 'ਦੋ ਟਾਪੂ', 'ਪਛਾਣ', 'ਭਵਿੱਖ', 'ਪਰਛਾਵੇਂ',ਆਦਿ ਵਿੱਚ ਦੇਖੀ ਜਾ ਸਕਦੀ ਹੈ :

"ਪਰ ਪਾਸੀ ਨੇ ਸਾਫ ਕਹਿ ਦਿੱਤਾ ਕਿ ਜੋ ਸਮਾਂ ਲੰਘ ਗਿਆ ਸੋ ਲੰਘ ਗਿਆ, ਅਗਾਂਹ ਉਹ ਆਪਣੀ ਮਰਜ਼ੀ ਮੁਤਾਬਿਕ ਜੀਏਗੀ"।

" ਮੈਂ ਤਾਂ ਆਪ ਸੇਪਰੇਟ ਹੋਣ ਲਈ ਸੋਚਿਆ ਹੋਇਐ। ਪਰ ਮੂਹਰੇ ਇਹਨੂੰ ਤੋਰਨਾ ਚਾਹੁੰਦੇ ਸੀ। ਹੁਣ ਤੁਰ ਪਈ ਆ। ਦੇਖੀ ਜਾਵੇ ਜਲਵੇ"।4

ਨਿੱਜੀ ਹੋਂਦ ਅਤੇ ਪਹਿਚਾਣ ਪਰਵਾਸੀ ਜੀਵਨ ਦੌਰਾਨ ਇਨ੍ਹਾਂ ਮਹੱਤਵ ਗ੍ਰਹਿਣ ਕਰ ਚੁੱਕੀ ਹੈ ਕਿ ਮਨੁੱਖ ਤੋਂ ਮਨੁੱਖ ਅੱਡ ਹੋ ਕੇ ਰਹਿਣਾ ਤਾਂ ਪ੍ਰਵਾਨ ਕਰ ਸਕਦਾ ਹੈ ਪਰ ਆਪਣੀ ਹੋਂਦ-ਹਸਤੀ ਉੱਪਰ ਦੂਸਰੇ ਦੁਆਰਾ ਅੰਕੁਸ਼ ਨਹੀਂ ਲਗਵਾ ਸਕਦਾ। ਜਰਨੈਲ ਸਿੰਘ ਦੀਆਂ ਪੰਜਾਬੀ ਅਤੇ ਕੈਨੇਡੀਅਨ ਜੀਵਨ ਨਾਲ ਸੰਬੰਧਤ ਕਹਾਣੀਆਂ ਵਿੱਚ ਵਿਸ਼ੇ ਪੱਖੋਂ ਵੀ ਕਾਫੀ ਵਿਭਿੰਨਤਾ ਦੇਖਣ ਨੂੰ ਮਿਲਦੀ ਹੈ ਕਿਉਂਕਿ ਪੰਜਾਬੀ ਸਭਿਆਚਾਰ ਦੇ ਨੈਤਿਕ ਮੁਲ-ਵਿਧਾਨ ਅਨੁਸਾਰ ਚਲਦਾ ਹੈ। ਪੰਜਾਬੀ ਲੋਕ ਭਾਵੇਂ ਸੌਖੇ ਪਰ ਸਮਾਜ ਤੇ ਸਭਿਆਚਾਰ ਦੇ ਨੇਮ ਪ੍ਰਬੰਧ ਦੇ ਧਾਰਨੀ ਜਰੂਰ ਹੁੰਦੇ ਹਨ। ਭਾਵੇਂ ਇਹ ਨੇਮ- ਪ੍ਰਬੰਧ ਸਿਰਫ਼ ਦਿਖਾਵਾ ਹੋਣ ਪਰ ਇਨ੍ਹਾਂ ਦੀ ਪਾਲਣਾ ਜ਼ਰੂਰ ਹੁੰਦੀ ਹੈ ਜਦ ਕਿ ਕੈਨੇਡੀਅਨ ਪਰਿਵੇਸ਼ ਵਿੱਚ ਪੰਜਾਬੀ ਪਰਵਾਸੀ, ਪੰਜਾਬੀ ਅਤੇ ਪੱਛਮੀ ਸਮਾਜ ਦੇ ਮੂਲ ਵਿਧਾਨ ਵਿਚਕਾਰ ਲਟਕਦੇ ਰਹਿੰਦੇ ਹਨ। ਪਰਵਾਸੀ ਲੋਕਾਂ ਨੂੰ ਪਰਵਾਸ ਦੇ ਦੌਰਾਨ ਜਿਨਾਂ ਮੁੱਖ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਉਹਨਾਂ ਵਿੱਚ ਸਭਿਆਚਾਰਕ ਤਨਾਉ, ਪੀੜੀ- ਪਾੜਾਂ, ਨਸਲਵਾਦ ਅਤੇ ਪਰਵਾਸ ਦੌਰਾਨ ਰਿਸ਼ਤਿਆਂ ਵਿਚ ਆਈ ਟੁੱਟ-ਭੱਜ ਆਦਿ ਹਨ।

ਜੇਕਰ ਪੰਜਾਬੀ ਜੀਵਨ ਦੇ ਮਸਲੇ ਦੇਖੇ ਜਾਣ ਤਾਂ ਇਹਨਾਂ ਵਿੱਚ ਵਧੇਰੇ ਮਸਲੇ ਕਮਜ਼ੋਰ ਆਰਥਿਕਤਾ ਕਰਕੇ ਉਪਜਦੇ ਨਜ਼ਰੀ ਪੈਂਦੇ ਹਨ। ਜਮੀਨ ਦੇ ਘਾਟ ਜਿੱਥੇ ਭਰਾਵਾਂ ਨੂੰ ਸ਼ਰੀਕ ਬਣਾ ਦਿੰਦੀ ਹੈ, ਉੱਥੇ ਵੱਡੇ-ਵੱਡੇ ਲੜਾਈ- ਝਗੜਿਆਂ ਦਾ ਜਨਮ ਵੀ ਇਸ ਵਿੱਚੋਂ ਹੁੰਦਾ ਹੈ। ਇਸ ਲਈ ਪੰਜਾਬ ਰਹਿੰਦਿਆਂ ਜਰਨੈਲ ਸਿੰਘ ਵੱਲੋਂ ਲਿਖੀਆਂ ਗਈਆਂ ਕਹਾਣੀਆਂ, ਕਿਸਾਨੀ ਸੰਕਟ, ਹੜਾਂ ਦੀ ਮਾਰ, ਮਾੜੀ ਜਮੀਨ, ਮਾਰੀ ਗਈ ਫਸਲ ਦੇ ਮੁਆਵਜੇ ਸਮੇਂ ਹੁੰਦਾ ਭਰਿਸ਼ਟਾਚਾਰ, ਸਰੀਕੇ ਵਾਲੀਆਂ ਵੱਲੋਂ ਜਮੀਨ ਮਾੜੇ ਬੰਦੇ ਕੋਲ ਵੇਚਣੀ, ਕਮਜ਼ੋਰ ਆਰਥਿਕਤਾ ਕਾਰਨ ਜੱਟ ਕਿਸਾਨਾਂ ਦਾ ਫੌਜ ਵਿੱਚ ਭਰਤੀ ਹੋਣਾ ਫੌਜੀਆਂ ਦੀ ਦੀਆਂ ਤਕਲੀਫਾਂ ਫੌਜੀਆਂ ਦੇ ਪਰਿਵਾਰਾਂ ਦਾ ਦੁਖਾਂਤ, ਮਾੜੀ ਆਰਥਿਕ ਹਾਲਤ ਤੋਂ ਦੁਖੀ ਹੋ ਕੇ ਕਿਸਾਨਾਂ ਵੱਲੋਂ ਸੰਘਰਸ਼ ਦਾ ਰਾਹ ਤਿਆਰ ਕਰਨਾ ਆਦਿ ਵਿਸ਼ਿਆਂ ਦੀ ਤਰਜ਼ਮਾਨੀ ਕਰਦਿਆਂ ਹਨ। ਅਜਿਹੀਆਂ ਕਹਾਣੀਆਂ ਵਿੱਚ 'ਮੌਜਾਂ ਹੀ ਮੌਜਾਂ, 'ਜੰਗ, 'ਹੱਡ, 'ਕੰਡੇ ਬੀਜਣ ਵਾਲੇ, 'ਮਾਵਾਂ ਬਾਝੋ, ਕਹਾਣੀ ਨਿਮਨ ਕਿਰਸਾਨੀ ਵਰਗ ਦੀ ਹੜ੍ਹਾਂ ਕਾਰਨ ਹੋਏ ਫਸਲ ਦੀ ਤਬਾਹੀ ਤੇ ਇਸ ਸੰਦੇਸ਼ ਨੂੰ ਨਾ ਸਹਾਰਦੇ ਹੋਏ ਮੁਖ ਪਾਤਰ ਦੀ ਮਾਂ ਦੇ ਮੌਤ, ਸਰਕਾਰੀ ਮਸ਼ੀਨਰੀ ਵੱਲੋਂ ਕਿਸਾਨਾਂ ਦੇ ਲੁੱਟ ਆਦਿ ਘਟਨਾਵਾਂ ਇਸ ਕਹਾਣੀ ਦੀ ਤ੍ਰਾਸਦੀ ਪੇਸ਼ ਕਰਦੀਆਂ ਹਨ। ਕਹਾਣੀ ਵਿੱਚ ਸੰਕਟ ਉਸ ਸਮੇਂ ਹੋਰ

ਗਹਿਰਾ ਜਾਦਾ ਹੈ ਜਦੋਂ ਕਹਾਣੀ ਦੇ ਮੁੱਖ ਪਾਤਰ ਬਲਕਾਰ ਦਾ ਭਾਈ ਪਿਆਰਾ ਸਿੰਘ ਮਾਂ ਦੇ ਮਰਨੇ ਤੇ ਖਰਚ ਕਰਨ ਬਾਰੇ ਆਖਦਾ ਹੈ। ਪਰ ਬਲਕਾਰ ਸਿੰਘ ਇਸਨੂੰ ਅਡੰਬਰਬਾਜੀ ਗਰਦਾਨਦਾ ਹੋਇਆ ਕਹਿੰਦਾ ਹੈ:

"ਓਏ ਇਦਾਂ ਦੀ ਅਤਿਸ਼ਬਾਜੀ ਦਾ ਮਾਂ ਨੂੰ ਹੁਣ ਕੀ ਫੈਦਾ ਪਹੁੰਚੂ?" ਬਲਕਾਰ ਨੇ ਪਿਆਰੇ ਨੂੰ ਟੋਕਿਆ ਸੀ।

" ਲੋਕੀ ਚਾਰ ਦਿਨ ਤਾਂ ਜੱਸ ਗੌਣਗੇ ਈ। ਨਾਲੇ ਸਾਡੀ ਮਾਂ ਕਹਿੰਦੀ ਕਹਾਉਂਦੀ ਸੀ।"

" ਪਰ ਜਿਉਂਦੀ ਦਾ ਤਾਂ ਤੂੰ ਕਾਲਜਾ ਈ ਭੁੰਨਦਾ ਰਿਹੈ"।

ਉਸ ਨੇ ਬੇਝਿਜਕ ਹੋ ਕੇ ਕਹਿ ਦਿੱਤਾ ਸੀ"।5

ਦੂਸਰੇ ਪਾਸੇ ਕੈਨੇਡੀਅਨ ਪ੍ਰਸੰਗ ਵਿਚ ਰਿਸ਼ਤਿਆਂ ਦੇ ਟੁੱਟ-ਭੱਜ, ਦੰਮਪਤੀ ਸੰਬੰਧਾਂ ਦੀ ਆਪਸੀ ਖਿੱਚੋਤਾਣ, ਪੀੜ੍ਹੀ-ਪਾੜ੍ਹਾ, ਬਜੁਰਗਾਂ ਦੀ ਤ੍ਰਾਸਦੀ ਆਦਿ ਵਿਸ਼ੇ ਵਿਚਾਰੇ ਜਾ ਸਕਦੇ ਹਨ। ਇਹਨਾਂ ਵੱਖਰੇ-ਵੱਖਰੇ ਵਿਸ਼ਿਆਂ ਦੇ ਵੱਖਰੇ ਸਭਿਆਚਾਰਕ ਪਰਿਵੇਸ਼ ਵਿੱਚ ਆਪਣੀ ਮੱਹਤਤਾ ਹੈ। ਕੈਨੇਡੀਅਨ ਪ੍ਰਸੰਗ ਵਿੱਚ ਇਹਨਾਂ ਵਿਭਿੰਨ ਵਿਸਿਆਂ ਦੀ ਪੇਸ਼ਕਾਰੀ 'ਦੋ ਟਾਪੂ', 'ਪਰਛਾਵੇਂ', 'ਪਛਾਣ', 'ਸੜਕਾਂ' ਅਤੇ 'ਗੁਆਚੇ ਲੋਕ' ਆਦਿ ਕਹਾਣੀਆਂ ਵਿੱਚ ਦੇਖੀ ਜਾ ਸਕਦੀ ਹੈ। ਇਸ ਪ੍ਰਸੰਗ ਵਿੱਚ ਹੀ ਗਲੋਬਲੀ ਮਸਲੇ ਜਿਵੇਂ ਅੱਤਵਾਦ, ਵਾਤਾਵਰਣ, ਪ੍ਰਦੂਸ਼ਣ ਪਾਣੀ ਦੀ ਸਮੱਸਿਆ, ਜੰਗ ਵਿਰੋਧੀ ਕਾਰਵਾਈਆਂ ਪਰਵਾਸੀ ਪੰਜਾਬੀ ਕਹਾਣੀ ਵਿੱਚ ਜਰਨੈਲ ਸਿੰਘ ਦੀਆਂ ਕਹਾਣੀਆਂ ਰਾਹੀਂ ਪੇਸ਼ ਹੋਣਾ, ਕਹਾਣੀਕਾਰ ਦੀ ਦ੍ਰਿਸ਼ਟੀ ਦੀ ਵਿਸ਼ਾਲਤਾ ਦਾ ਸੂਚਕ ਹੈ।

ਪੰਜਾਬੀ ਅਤੇ ਪਰਵਾਸੀ ਜੀਵਨ ਨਾਲ ਸੰਬੰਧਤ ਰਚਨਾਵਾਂ ਵਿੱਚ ਕਹਾਣੀਕਾਰ ਵੱਲੋਂ ਵੱਖਰੇ ਪਰਿਵੇਸ਼ ਵਾਲੇ ਸਫਲ ਪਾਤਰਾਂ ਦੀ ਚੋਣ ਕਰਨੀ ਉਸ ਦੀ ਰਚਨਾ ਦ੍ਰਿਸ਼ਟੀ ਤਾਂ ਵੱਡਾ ਗੁਣ ਹੈ। ਕਹਾਣੀਕਾਰ ਦੀ ਵਿਸ਼ਾਲ ਸੂਝ ਤੇ ਅਨੁਭਵ ਵਿੱਚੋਂ ਹੀ ਪਾਤਰ ਚੋਣ ਕੀਤੀ ਜਾਂਦੀ ਹੈ। ਪੰਜਾਬੀ ਸਭਿਆਚਾਰ ਨਾਲ ਸੰਬੰਧਤ ਕਹਾਣੀਆਂ ਦੇ ਪਾਤਰ ਆਪਣੀਆਂ ਆਰਥਿਕ ਪ੍ਰਸਥਿਤੀਆਂ ਨਾਲ ਦੋ-ਚਾਰ ਹੁੰਦੇ ਦਿਖਾਏ ਗਏ ਹਨ। ਇਹ ਪਾਤਰ ਆਪਣੀ ਹੋਂਦ ਗਵਾ ਕੇ ਮਿੱਟੀ ਨਾਲ ਮਿੱਟੀ ਹੋ ਰਹਿੰਦੇ ਹਨ। ਇਹਨਾਂ ਪਾਤਰਾਂ ਵਿੱਚੋਂ ਕੁਝ ਪਾਤਰਾਂ ਚੰਗੇ ਗੁਣਾਂ ਵਾਲੇ ਤੇ ਕੁੱਝ ਮਾੜੇ ਗੁਣਾਂ ਵਾਲੇ ਪਾਤਰ ਦੇ ਰੂਪ ਵਿੱਚ ਵਿਚਰਦੇ ਹਨ। ਪੰਜਾਬੀ ਜੀਵਨ ਨਾਲ ਸੰਬੰਧਤ ਕਹਾਣੀਆਂ ਵਿੱਚ ਪਾਤਰਾਂ ਦੀਆਂ ਦੋ ਸ਼੍ਰੇਣੀਆਂ ਆਦਰਸ਼ਕ ਪਾਤਰ ਅਤੇ ਮਾੜੇ ਪਾਤਰ ਦੇ ਰੂਪ ਵਿੱਚ ਬਣਾਈਆਂ ਜਾ ਸਕਦੀਆਂ ਹਨ।

ਆਦਰਸ਼ਕ ਪਾਤਰ:- ਉੱਦਮ ਸਿੰਘ (ਬੁਰਜ ਦੀ ਇੱਟ), ਨਿੰਦਰ (ਸ਼ਕਤੀ), ਸਰਵਨ ਸਿੰਘ, ਜਸਵੀਰ ਸਿੰਘ।

ਮਾੜੇ ਪਾਤਰ:- ਜੋਗਾ ਸਿੰਘ (ਬੁਰਜ ਦੀ ਇੱਟ) ਚੈਂਚਲ ਸਿੰਘ, ਰਾਕੇਸ਼, ਬਖ਼ਤਾਵਰ ਸਿੰਘ ਤੇ ਤਾਰਾ ਸਿੰਘ (ਕੰਡੇ ਬੀਜਣ ਵਾਲੇ)।

ਕੈਨੇਡੀਅਨ ਜੀਵਨ ਨਾਲ ਸੰਬੰਧਤ ਕਹਾਣੀਆਂ ਵਿੱਚ ਪੇਸ਼ ਕੀਤੇ ਗਏ ਪਾਤਰਾਂ ਦੀਆਂ ਤਿੰਨ ਸ਼੍ਰੇਣੀਆਂ ਬਣਾਈਆਂ ਜਾ ਸਕਦੀਆਂ ਹਨ।

1. ਮਾਂ ਬਾਪ 2. ਬਜ਼ੁਰਗ ਪਾਤਰ 3. ਬੱਚੇ।

ਇਹਨਾਂ ਤਿੰਨੋਂ ਸ਼੍ਰੇਣੀਆਂ ਦੇ ਪਾਤਰਾਂ ਵਿੱਚ ਹੋਂਦ ਦੇ ਅਹਿਸਾਸ ਨੂੰ ਲੈ ਕੇ ਝਗੜਾ ਚਲਦਾ ਰਹਿੰਦਾ ਹੈ ਜਦੋਂ ਕਿ ਪੰਜਾਬੀ ਜੀਵਨ ਨਾਲ ਸੰਬੰਧਤ ਝਗੜਾ ਹੋਰ ਕਿਸਮ ਦਾ ਹੈ। ਇਹ ਤਿੰਨੋ ਸ਼੍ਰੇਣੀਆਂ ਦੇ ਪਾਤਰ ਆਪਣੇ ਉੱਪਰ ਕਿਸੇ ਹੋਰ ਦਾ ਰੋਹਬ-ਦਬਾ ਮੰਨਣ ਤੋਂ ਇਨਕਾਰੀ ਹਨ। ਮਾਂ ਬਾਪ ਦੀਆਂ ਆਪਣੀਆਂ ਸਮੱਸਿਆਵਾਂ ਹਨ। ਉਹ ਆਪਣੇ ਕੰਮਾਂ ਦੇ ਰੁਝੇਵਿਆਂ ਕਾਰਨ ਨਾ ਤਾਂ ਆਪਣੇ ਬਜ਼ੁਰਗਾਂ ਲਈ ਵਕਤ ਕੱਢ ਸਕਦੇ ਹਨ ਅਤੇ ਨਾ ਹੀ ਬੱਚਿਆਂ ਲਈ। ਅਜਿਹੀ ਸਥਿਤੀ ਵਿੱਚ ਬਜ਼ੁਰਗ ਇਸ ਗੱਲੋਂ ਦੁਖੀ ਹਨ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਪੁੱਛ ਪੜਤਾਲ ਨਹੀਂ ਕਰਦੇ:

"…. ਤੇ ਫੇਰ ਪਤਾ ਨਹੀਂ ਉਸ ਅੰਦਰ ਇਹ ਆਸ ਕਿਵੇਂ ਉੱਠ ਖਲੋਈ ਕੀ ਸਵੇਰੇ ਹੋਣ ਤੱਕ ਹਰਚਰਨ ਉਸਨੂੰ ਫੋਨ ਕਰੇਗਾ। 'ਪਾਪਾ! ਸਾਥੋਂ ਗਲਤੀ ਹੋ ਗਈ' ਕਹਿੰਦਿਆਂ ਸੌਰੀ ਮੰਗੇਗੀ …. ਅਤੇ ਕਾਰ ਲੈ ਕੇ ਉਸਨੂੰ ਲੈਣ ਆਏਗਾ"।6

ਦੂਸਰੇ ਪਾਸੇ ਬੱਚਿਆਂ ਵੱਲ ਧਿਆਨ ਨਾ ਦੇ ਸਕਣ ਕਾਰਨ ਬੱਚੇ ਆਪ-ਮੁਹਾਰੇ ਹੋ ਜਾਂਦੇ ਹਨ। ਮਾਂ ਬਾਪ ਨਾ ਬਜ਼ੁਰਗਾਂ ਨੂੰ ਕੁਝ ਕਹਿ ਸਕਦੇ ਹਨ ਨਾ ਬੱਚਿਆਂ ਨੂੰ। ਬੱਚੇ ਪੱਛਮੀ ਸਮਾਜ ਅਨੁਕੂਲ ਢਲੇ ਹੋਣ ਕਾਰਨ ਆਪਣੀ ਜ਼ਿੰਦਗੀ ਵਿੱਚ ਬਜ਼ੁਰਗਾਂ ਦਾ ਦਖ਼ਲ ਪਸੰਦ ਨਹੀਂ ਕਰਦੇ। ਜਰਨੈਲ ਸਿੰਘ ਦੀ ਕਹਾਣੀ 'ਪਛਾਣ' ਤੇ 'ਭਵਿੱਖ' ਵਿੱਚ ਕ੍ਰਮਵਾਰ ਪੈਮ ਅਤੇ ਨਵਜੋਤ ਆਪਣੇ ਦਾਦੇ ਅਤੇ ਪਿਤਾ ਦੀ ਦਖ਼ਲ ਅੰਦਾਜ਼ੀ ਤੋਂ ਦੁਖੀ ਹੁੰਦੀਆਂ ਹੈ। 'ਪਛਾਣ' ਵਿੱਚ ਪੈਮ ਆਪਣੇ ਦਾਦੇ ਸੁਲੱਖਣ ਸਿੰਘ ਨੂੰ ਆਪਣੀ 'ਇੰਡਿਵਿਯੁਅਲ ਲਾਈਫ' ਵਿੱਚ ਇੰਟਰਫੀਅਰ ਕਰਨ ਤੋਂ ਰੋਕਦੀ ਹੈ:

"….ਮੇਰੀ ਆਪਣੀ ਇੰਡਿਵਿਯੁਅਲ ਲਾਈਫ ਏ। ਜੇ ਤੁਸੀਂ ਮੇਰੀ ਲਾਈਫ 'ਚ ਇੰਟਰਫੀਅਰ ਕਰਨੋ ਨਾ ਹਟੇ ਤਾਂ ਮੈਂ ਪੁਲਿਸ ਨੂੰ ਕਾਲ ਕਰਾਂਗੀ"।7

ਦੋਵੇਂ ਸਭਿਆਚਾਰਕ ਪਰਿਵੇਸ਼ ਵਿੱਚੋਂ ਚੁਣੇ ਪਾਤਰਾਂ ਦੀ ਪੇਸ਼ਕਾਰੀ ਵਿੱਚ ਕਾਫੀ ਵਿਭਿੰਨਤਾ ਨਜ਼ਰ ਆਉਂਦੀ ਹੈ ਪੰਜਾਬ ਰਹਿੰਦਿਆਂ ਰਚੀਆਂ ਕਹਾਣੀਆਂ ਦੇ ਬਹੁਤ ਪਾਤਰ ਸੁਸਤ ਤੇ ਕਠਪੁਤਲੀ ਪਾਤਰ ਮਹਿਸੂਸ ਹੁੰਦੇ ਹਨ ਜਦੋਂ ਕਿ ਕੈਨੇਡੀਅਨ ਪਰਿਵੇਸ਼ ਦੇ ਪਾਤਰ ਚੁਸਤ ਅਤੇ ਆਪਣੀ ਜ਼ਿੰਦਗੀ ਦੇ ਮਾਲਕ ਮਹਿਸੂਸ ਹੁੰਦੇ ਹਨ। ਇਹ ਪਾਤਰ ਵਿਕਾਸ ਕਰਦੇ ਅਤੇ ਜ਼ਿੰਦਗੀ ਵਿੱਚ ਕੁਝ ਕਰਦੇ ਜਾਪਦੇ ਹਨ ਜਦੋਂ ਕਿ ਪੰਜਾਬੀ ਜੀਵਨ ਵਿਚਲੇ ਪਾਤਰ ਸਥਿਤੀਆਂ ਦੇ ਮਾਰੇ ਹੋਏ, ਹੀਣੇ ਜਿਹੇ ਵਿਅਕਤੀ ਜਾਪਦੇ ਹਨ ਪਰ ਕੈਨੇਡੀਅਨ ਜੀਵਨ ਨਾਲ ਸੰਬੰਧਿਤ ਪਾਤਰ ਸਥਿਤੀਆਂ ਨਾਲ ਦੋ ਚਾਰ ਹੁੰਦੇ ਦਿਖਾਏ ਹਨ ਜੋ ਕਹਾਣੀਕਾਰ ਦੀ ਰਚਨਾ ਦ੍ਰਿਸ਼ਟੀ ਦੇ ਆਧੁਨਿਕ ਹੋ ਜਾਣ ਦਾ ਪ੍ਰਤੀਕ ਹਨ।

ਜਰਨੈਲ ਸਿੰਘ ਦੀਆਂ ਪੰਜਾਬੀ ਤੇ ਕੈਨੇਡੀਅਨ ਸਭਿਆਚਾਰ ਨਾਲ ਸੰਬੰਧਤ ਕਹਾਣੀਆਂ ਵਿੱਚ ਸਭ ਤੋਂ ਵੱਡੀ ਵਿਭਿੰਨਤਾ ਬਿਰਤਾਂਤ ਦੀ ਹੈ। ਕਹਾਣੀਕਾਰ ਦੀ ਦ੍ਰਿਸ਼ਟੀ ਤਾਂ ਦੋਵਾਂ ਧਰਾਤਲਾ ਉੱਪਰ ਯਥਾਰਥਵਾਦੀ ਅਤੇ ਮਾਨਵਵਾਦੀ ਹੀ ਰਹਿੰਦੀ ਹੈ ਪਰ ਬਿਰਤਾਂਤ ਸੰਗਠਨ ਦਾ ਸਰਲ ਤੋਂ ਜਾਟਿਲ ਤੇ ਸੰਘਣਾ ਹੋ ਜਾਣਾ ਉਸਦੀ ਕਹਾਣੀ ਰਚਨਾ ਦੇ ਵਿਕਾਸ ਦਾ ਸੂਚਕ ਬਣਦਾ ਹੈ। ਕੈਨੇਡਾ ਜਾ ਕੇ ਲਿਖੇ ਪਹਿਲੇ ਕਹਾਣੀ-ਸੰਗ੍ਰਹਿ 'ਦੋ ਟਾਪੂ' ਨਾਲ ਸਾਹਿਤਕ ਹਲਕਿਆਂ ਵਿੱਚ ਜਰਨੈਲ ਸਿੰਘ ਦੀ ਕਹਾਣੀ ਦਾ ਜ਼ਿਕਰ ਇਹੋ ਦਰਸਾਉਂਦਾ ਹੈ ਕਿ ਪੰਜਾਬ ਰਹਿੰਦਿਆਂ ਰਚੀਆਂ ਕਹਾਣੀਆਂ ਵਿੱਚ ਬਿਰਤਾਂਤ ਸੰਗਠਨ ਢਿੱਲਾ, ਘਟਨਾ ਇਕਹਰੀ, ਮੌਕਾ ਮੇਲਾ ਦੀ ਵਰਤੋਂ, ਘਟਨਾ ਦੇ ਵਿਕਾਸ ਦੀ ਘਾਟ ਨੂੰ ਉਹ ਕੈਨੇਡਾ ਜਾ ਕੇ ਨਵੇਂ ਸਿਰਿਓ ਪੇਸ਼ ਕਰਦਾ ਹੈ। ਉਹ ਜਟਿਲ ਕਥਾਨਕ, ਪ੍ਰਤੀਕਾਤਮਕ ਘਟਨਾਵੀਂ ਵੇਰਵੇ ਅਤੇ ਇਕ ਤੋਂ ਵਧੇਰੇ ਘਟਨਾਵਾਂ ਦਾ ਸਿਰਜਕ ਹੋ

ਨਿੱਬੜਦਾ ਹੈ। ਇਹੋ ਕਾਰਨ ਹੈ ਕਿ ਇਸ ਸਮੇਂ ਉਸ ਦੀਆਂ ਕਹਾਣੀਆਂ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਵੀ ਖਿੱਚਦੀਆਂ ਹਨ। ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਕਹਾਣੀਆਂ ਵਿੱਚੋਂ ਉਦਾਹਰਨ:

"ਮੈਂ ਤਾਂ ਲੱਗਾ ਆਂ ਆਪਣੇ ਖੇਤ ਨੂੰ ਪਾਣੀ ਮੋੜਨ"। ਕਹੀ ਲੈ ਕੇ ਚੋਰ ਜੋਰਾ ਸਿੰਘ ਨੱਕਾ ਵੱਢਣ ਲੱਗ ਪਿਆ।

"ਪਿੱਛੇ ਹੱਟ ਜਾਂ ਓਏ ! ਮੇਰਾ ਨੱਕਾ ਨਾ ਤੋੜੀ"। ਕ੍ਰੋਧ ਵਿੱਚ ਉੱਦਮ ਸਿੰਘ ਵੀ ਅਗਾਂਹ ਹੋ ਗਿਆ।

" ਨਹੀਂ ਹਟਦਾ"। ਜੋਰਾ ਸਿੰਘ ਨੇ ਨੱਕਾਂ ਆਪਣੇ ਖੇਤ ਵੱਲ ਮੋੜ ਦਿੱਤਾ।

"ਨਹੀਂ ਹਟਦਾ ਤੇ ਨਾ ਹਟ"। ਗੁੱਸੇ ਵਿੱਚ ਆ ਕੇ ਉਧਮ ਸਿੰਘ ਨੇ ਪੈਰਾਂ ਨਾਲ ਨੱਕਾ ਤੋੜ ਦਿੱਤਾ"।8

ਕਨੇਡੀਅਨ ਪਰਵੇਸ ਨਾਲ ਸੰਬੰਧਿਤ ਕਹਾਣੀਆਂ ਵਿੱਚ ਉਦਾਹਰਨ:

"ਓ ਨੋ ਮੌਮ, ਕਿੱਦਾਂ ਖੜ੍ਹੇ ਹੋ ਜੇਂ ਗਾ। ਸਾਡੇ ਪੈਰ ਤਾਂ ਡੈਰ ਨੇ ਆਪਣੇ ਪੈਰਾਂ ਨਾਲ ਬੰਨੇ ਹੋਏ ਆ।

" ਇਦਾਂ ਨਹੀਂ ਸੋਚੀਦਾ ਪਗਲੀ ! ਤੇਰੇ ਡੈਡ ਠੀਕ ਨੇ। ਉਨ੍ਹਾਂ ਦਾ ਮਤਲਬ ਤਾਂ ਇਹੀ ਆ ਪਈ ਆਪਾਂ ਨੂੰ ਆਪਣੇ ਹੀ ਰਸਮਾ-ਰਿਵਾਜ ਸੌਂਹਦੇ ਆ.... ਆਪਾਂ ਨੂੰ ਘਰ ਦੀ ਇੱਜ਼ਤ ਦਾ ਖਿਆਲ ਰੱਖਣਾ ਚਾਹੀਦਾ"।9

ਵਿੰਭਿੰਨ ਧਰਾਤਲਾਂ ਨਾਲ ਸੰਬੰਧਤ ਕਹਾਣੀਆਂ ਵਿੱਚ ਬਿਰਤਾਂਤ ਤੇ ਇਕਹਰੇ ਅਤੇ ਜਟਿਲ ਹੋਣ ਕਰਕੇ ਵੀ ਕੈਨੇਡੀਅਨ ਕਹਾਣੀਆਂ ਵਧੇਰੇ ਰੌਚਕ ਜਾਪਦੀਆਂ ਹਨ ਜਿਵੇਂ 'ਬੁਰਜ ਦੀ ਇੱਟ', 'ਹੱਕ', 'ਬੰਨ੍ਹ ਉਠਾਈ ਪੋਟਲੀ', 'ਲੈਂਟਰ ਹੇਠਲੇ ਫੱਟੇ', ਮੌਜਾਂ ਮੌਜਾਂ ਹੀ ਮੌਜਾਂ', ਬੋਹਲ ਦੀ ਰਾਖੇ', 'ਜੰਗ ਛਿੜਨ ਤੋਂ ਪਹਿਲਾਂ', 'ਮਾਵਾਂ ਬਾਜੋ', ਆਦਿ ਰੂਪ ਵਿੱਚ ਇਕੋ ਸਮੱਸਿਆ ਦਾ ਵਰਣਨ ਮਿਲਦਾ ਹੈ ਜਦੋਂ ਕਿ 'ਦੋ ਟਾਪੂ', 'ਟਾਵਰਜ਼', 'ਪਾਣੀ', 'ਹੜ੍ਹ', 'ਕਾਲੇ ਵਰਕੇ' ਆਦਿ ਕਹਾਣੀਆਂ ਵਿੱਚ ਇਕ ਤੋਂ ਵਧੇਰੇ ਸਮੱਸਿਆਵਾਂ ਛੋਹੀਆਂ ਗਈਆਂ ਹਨ। 'ਦੋ ਟਾਪੂ' ਕਹਾਣੀ ਵਿੱਚ ਪਤੀ- ਪਤਨੀ ਦੇ ਸੰਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਪੰਜਾਬੀਆਂ ਦੁਆਰਾ ਵੱਡੀ ਉਮਰ ਦੇ ਬੰਦੇ, ਦੁਹਾਜੂ ਨਾਲ ਵਿਦੇਸ਼ ਜਾਣ ਦੇ ਲਾਲਚ ਵਿੱਚ ਧੀਆਂ ਵਿਆਹੁਣ ਦੇ ਸੰਕੇਤ ਮਾਪਿਆਂ ਦੁਆਰਾ ਧੀ ਦੇ ਦੁੱਖ ਦੀ ਪ੍ਰਵਾਹ ਕੀਤੇ ਬਗੈਰ ਆਪਣੇ ਰਿਸ਼ਤੇ ਵਿੱਚ ਮੁੰਡੇ ਨੂੰ ਬਾਹਰ ਬੁਲਾਉਣ ਦਾ ਸ਼ਕੇਤ ਵੀ ਮਿਲਦਾ ਹੈ। 'ਪਾਣੀ' ਕਹਾਣੀ ਦਾ ਕਥਾਨਕ ਵੀ ਇੱਕ ਤੋਂ ਵਧੇਰੇ ਸਮੱਸਿਆਵਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਕਹਾਣੀ ਵਿੱਚ ਵੀ ਪਾਣੀ ਦੀ ਹੋਂਦ ਕਈ ਧਰਾਤਲਾਂ ਨੂੰ ਰੂਪਮਾਨ ਕਰਦੀ ਹੈ। ਪੰਜਾਬ ਦੀ ਧਰਤੀ ਵਿੱਚੋਂ ਪਾਣੀ ਮੁੱਕਣਾ ਰਿਸ਼ਤਿਆਂ ਵਿੱਚ ਆਪਸੀ ਸਾਂਝ ਤੇ ਆਪਣੱਤ ਦੇ ਪਾਣੀ ਦੇ ਖਤਮ ਹੋ ਜਾਣ ਦਾ ਵੀ ਪ੍ਰਤੀਕ ਹੈ।

ਇਸ ਤਰ੍ਹਾਂ ਜਰਨੈਲ ਸਿੰਘ ਦੀ ਰਚਨਾ ਦੇ ਆਧਾਰ 'ਤੇ ਉਸਦੀ ਰਚਨਾ ਦ੍ਰਿਸ਼ਟੀ ਮਾਨਵੀ ਸਾਂਝ ਦਾ ਸੰਦੇਸ਼ ਦਿੰਦੀ ਹੈ। ਪੰਜਾਬੀ ਅਤੇ ਕੈਨੇਡੀਅਨ ਪ੍ਰਵੇਸ਼ ਨਾਲ ਸੰਬੰਧਿਤ ਕਹਾਣੀਆਂ ਵਿੱਚ ਸਭਿਆਚਾਰ ਪੱਖੋਂ, ਵਿਸ਼ੇਂ ਪੱਖੋਂ, ਪਾਤਰਾਂ ਪੱਖੋਂ ਅਤੇ ਬਿਰਤਾਂਤ ਪੱਖੋ ਵੀ ਵਿਭਿੰਨਤਾ ਨਜ਼ਰ ਆਉਂਦੀ ਹੈ। ਜਰਨੈਲ ਸਿੰਘ ਦੀ ਕਹਾਣੀ ਕਲਾ ਦੀ ਅਸਲ ਸ਼ੁਰੂਆਤ ਜੇਕਰ 'ਦੋ ਟਾਪੂ' ਕਹਾਣੀ ਤੋਂ ਮੰਨ ਲਈ ਜਾਵੇ ਤਾਂ ਇਸ ਵਿੱਚ ਕੋਈ ਦੋਰਾਏ ਨਹੀਂ ਹੈ। ਕਿਉਂਕਿ ਉਸਨੂੰ ਕਹਾਣੀਕਾਰ ਦੇ ਤੌਰ ਤੇ ਪਹਿਚਾਣ 'ਦੋ ਟਾਪੂ' ਕਹਾਣੀ- ਸੰਗ੍ਰਹਿ ਤੋਂ ਹੀ ਮਿਲੀ, ਜਿਸ ਨਾਲ ਆਲੋਚਨਾ ਦੇ ਖੇਤਰ ਵਿੱਚ ਉਸ ਦੀਆਂ ਕਹਾਣੀਆਂ ਦੀ ਚਰਚਾ ਛਿੜੀ ਕਿਉਂਕਿ ਪਹਿਲੇ ਕਹਾਣੀ- ਸੰਗ੍ਰਹਿਆਂ ਦੌਰਾਨ ਉਸ ਉੱਪਰ ਕਲਾਤਮਕ ਕਚਿਆਈ ਦਾ ਦੋਸ ਲਗਦਾ ਰਿਹਾ ਸੀ। ਇਹ ਸਭ ਘਾਟਾਂ 'ਦੋ ਟਾਪੂ' ਕਹਾਣੀ- ਸੰਗ੍ਰਹਿ ਵਿੱਚ ਉਹ ਪੂਰੀਆਂ ਕਰ ਲੈਂਦਾ ਹੈ, ਇਸ ਕਾਰਨ ਉਸਦੀ ਕਹਾਣੀ

ਆਲੋਚਨਾ ਦਾ ਧਿਆਨ ਖਿੱਚਣ ਲੱਗਦੀ ਹੈ। ਵਿਕਾਸ ਦੇ ਰਾਹ ਪਾਈ ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ ਹਰ ਨਵੇਂ ਕਹਾਣੀ- ਸੰਗ੍ਰਹਿ ਨਾਲ ਨਵੀਆਂ ਪੁਲਾਂਘਾਂ ਪੁਟਦੀ ਜਾਂਦੀ ਹੈ ਅਤੇ 2015 ਵਿੱਚ ਪ੍ਰਕਾਸ਼ਿਤ ਕਹਾਣੀ- ਸੰਗ੍ਰਹਿ 'ਕਾਲੇ ਵਰਕੇ' ਨਾਲ ਉਹ ਵਿਸ਼ਵ ਦੇ ਚਰਚਿਤ ਮਸਲਿਆਂ ਨੂੰ ਉਜਾਗਰ ਕਰਨ ਵਿੱਚ ਕਾਮਯਾਬ ਹੋਇਆ ਹੈ ।

## ਹਵਾਲੇ ਤੇ ਟਿੱਪਣੀਆਂ:

1. ਜਗਬੀਰ ਸਿੰਘ (ਡਾ.), ਦੋ ਟਾਪੂ ਮਸਲੇ ਪਰਵਾਸ ਦੇ ਰਿਸ਼ਤਿਆਂ ਦੀ ਰਾਜਨੀਤੀ : ਦੋ ਟਾਪੂ ਦੇ ਪ੍ਰਸੰਗ ਵਿਚ ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ , ਸੰਪਾਦਕ ਗੁਰਮੀਤ ਕਲਰਮਾਜਰੀ , ਪੰਨਾ 29.
2. ਜਰਨੈਲ ਸਿੰਘ ,ਸਮੇਂ ਦੇ ਹਾਣੀ ,ਪੰਨਾ 75.
3. ਉਹੀ, ਪੰਨਾ 78.
4. ਉਹੀ, ਪੰਨਾ 29.
5. ਉਹੀ, ਦੋ ਟਾਪੂ , ਪੰਨਾ 24.
6. ਉਹੀ, ਪੰਨਾ 46.
7. ਉਹੀ, ਸਮੇਂ ਦੇ ਹਾਣੀ , ਪੰਨੇ 62-63.
8. ਉਹੀ, ਦੋ ਟਾਪੂ , ਪੰਨੇ 36-37.
9. ਉਹੀ, ਮੈਨੂੰ ਕੀ , ਪੰਨਾ 13.